ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

**ਨੋਟੀਫਿਕੇਸ਼ਨ**

ਨੰ:7/5/2018-5 ਸਿ.1 | 6402-6410

ਮਿਤੀ,ਚੰਡੀਗੜ੍ਹ: 10.12.2021

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਮੰਤਰੀ ਪ੍ਰੀਸ਼ਦ ਦੀ ਮਿਤੀ 01.12.2021 ਨੂੰ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲੇ ਦੇ ਸਨਮੁੱਖ ਉਚੇਰੀ ਸਿੱਖਿਆ ਵਿਭਾਗ ਅਧੀਨ ਆਉਂਦੇ ਰਾਜ ਦੇ ਸਰਕਾਰੀ ਕਾਲਜਾਂ ਲਈ ਨਿਮਨਲਿਖਤ ਅਨੁਸਾਰ ਮੁੱਖ ਮੰਤਰੀ ਵਜ਼ੀਫਾ ਸਕੀਮ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਸਕੀਮ ਕੇਵਲ ਸਰਕਾਰੀ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਉਤੇ ਲਾਗੂ ਹੋਵੇਗੀ ਅਤੇ ਇਸ ਸਕੀਮ ਦੇ ਤਹਿਤ ਯੂਨੀਵਰਸਿਟੀ ਦੁਆਰਾ ਵਿਦਿਆਰਥੀਆਂ ਤੋਂ ਚਾਰਜ ਕੀਤੀ ਜਾਣ ਵਾਲੀ ਯੂਨੀਵਰਸਿਟੀ ਫੀਸ (ਐਗਜ਼ਾਮੀਨੇਸ਼ ਫੀਸ) ਤੋਂ ਕਨਸੈਸ਼ਨ ਦਿੱਤਾ ਜਾਵੇਗਾ।

2. ਵਜ਼ੀਫੇ ਦੀ ਰਾਸ਼ੀ ਇਕਸਾਰ ਹੋਵੇਗੀ ਅਤੇ ਯੂਨੀਵਰਸਿਟੀ ਵਲੋਂ ਚਾਰਜ ਕੀਤੀ ਜਾਂਦੀ ਫੀਸ ਦੇ ਅਨੁਪਾਤ ਅਨੁਸਾਰ ਹੋਵੇਗੀ ।

3. ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫੇ ਦੀ ਰਿਆਇਤ ਕੁਆਲੀਫਾਈਂਗ ਇਮਤਿਹਾਨ ਵਿਚ ਪ੍ਰਾਪਤ ਕੀਤੇ ਅੰਕ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ । ਇਹ ਰਿਆਇਤ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਵਿਦਿਆਰਥੀ ਆਪਣਾ ਕੋਰਸ ਮੁਕੰਮਲ ਨਹੀਂ ਕਰ ਲਵੇਗਾ ਬਸ਼ਰਤੇ ਕਿ ਫੀਸ ਵਿਚ ਦਿੱਤੀ ਜਾਣ ਵਾਲੀ ਰਿਆਇਤ ਦੀ ਪ੍ਰਤੀਸ਼ਤਤਾ ਪਿਛਲੀ ਕਲਾਸ ਵਿਚ ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ । ਉਦਾਹਰਣ ਦੇ ਤੌਰ ਤੇ ਜੇਕਰ ਇੱਕ ਵਿਦਿਆਰਥੀ ਨੇ ਬਾਰਵੀਂ ਕਲਾਸ ਵਿਚ 60 ਫੀਸਦੀ ਅੰਕ ਪ੍ਰਾਪਤ ਕੀਤੇ ਹਨ ਤਾਂ ਉਸ ਨੂੰ ਬੀ.ਏ. ਭਾਗ-1 ਵਿਚ ਫੀਸ ਵਿਚ 60 ਫੀਸਦੀ ਰਿਆਇਤ ਮਿਲੇਗੀ । ਅਜਿਹੇ ਕੇਸ ਵਿਚ ਜੇਕਰ ਵਿਦਿਆਰਥੀ ਬੀ.ਏ. ਭਾਗ-1 ਵਿਚ 70 ਫੀਸਦੀ ਅੰਕ ਪ੍ਰਾਪਤ ਕਰਦਾ ਹੈ ਤਾਂ ਉਸਨੂੰ ਬੀ.ਏ.ਭਾਗ-2 ਵਿਚ ਫੀਸ ਵਿਚ 70 ਫੀਸਦੀ ਰਿਆਇਤ ਮਿਲੇਗੀ।

4. ਯੂਨੀਵਰਸਿਟੀ ਪੱਧਰ ਤੇ ਮਿਲਣ ਵਾਲੀ ਰਿਆਇਤ ਨਿਮਨਲਿਖਤ ਅਨੁਸਾਰ ਹੋਵੇਗੀ :-

   ੳ) 60% ਤੋਂ ਵੱਧ ਅਤੇ 70% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 70% ਰਿਆਇਤ ਦਿੱਤੀ ਜਾਵੇਗੀ;

   ਅ) 70% ਤੋਂ ਵੱਧ ਅਤੇ 80% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 80% ਰਿਆਇਤ ਦਿੱਤੀ ਜਾਵੇਗੀ;

   ੲ) 80% ਤੋਂ ਵੱਧ ਅਤੇ 90% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 90% ਰਿਆਇਤ ਦਿੱਤੀ ਜਾਵੇਗੀ;

   ਸ) 90% ਤੋਂ ਵੱਧ ਅਤੇ 100% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 100% ਰਿਆਇਤ ਦਿੱਤੀ ਜਾਵੇਗੀ;

5. ਵਿਦਿਆਰਥੀਆਂ ਨੂੰ ਵਜ਼ੀਫਾ ਤਦੇ ਦਿੱਤਾ ਜਾਵੇਗਾ ਜੇਕਰ ਉਹਨਾਂ ਨੂੰ ਕੋਈ ਹੋਰ ਵਜ਼ੀਫਾ ਨਾ ਮਿਲਦਾ ਹੋਵੇ । ਜੇਕਰ ਵਿਦਿਆਰਥੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਸਕੀਮ ਅਧੀਨ ਕੋਈ ਵਜ਼ੀਫਾ ਪ੍ਰਾਪਤ ਕਰ ਰਿਹਾ ਹੋਵੇ ਅਤੇ ਇਸ ਵਰਤਮਾਨ ਸਕੀਮ ਅਧੀਨ ਮਿਲਣ ਵਾਲਾ ਲਾਭ ਉਸ ਨਾਲੋਂ ਜ਼ਿਆਦਾ ਬਣਦਾ ਹੋਵੇ ਤਾਂ ਉਸਨੂੰ ਕੇਵਲ ਵਰਤਮਾਨ ਸਕੀਮ ਅਧੀਨ ਮਿਲਣ ਵਾਲੇ ਵਜ਼ੀਫੇ ਅਤੇ ਪਹਿਲਾਂ ਮਿਲਦੇ ਵਜ਼ੀਫਾ ਅੰਤਰ ਹੀ ਅਦਾਇਗੀਯੋਗ ਹੋਵੇਗਾ।

6. ਇਹ ਸਿਧਾਂਤ ਤਦੇ ਲਾਗੂ ਹੋਵੇਗਾ ਜੇਕਰ ਵਿਦਿਆਰਥੀ ਸਾਰੇ ਵਿਸ਼ਿਆ ਵਿਚ ਇਮਤਿਹਾਨ ਪਾਸ ਕਰਦਾ ਹੈ । ਜੇਕਰ ਕੋਈ ਵਿਦਿਆਰਥੀ ਇਸ ਤੱਥ ਦੇ ਬਾਵਜੂਦ ਕਿਸੇ ਵਿਸ਼ੇ ਦਾ ਇਮਤਿਹਾਨ ਪਾਸ ਨਹੀਂ ਕਰ ਪਾਉਂਦਾ, ਪਰ ਬਾਕੀ ਵਿਸ਼ਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਉਹ ਵਜ਼ੀਫੇ ਦਾ ਪਾਤਰ ਬਣਦਾ ਹੈ, ਤਾਂ ਵੀ ਉਸਨੂੰ ਵਜ਼ੀਫਾ ਸਕੀਮ ਲਈ ਨਹੀਂ ਵਿਚਾਰਿਆ ਜਾਵੇਗਾ ।

7. ਵਜ਼ੀਫਾ ਸਕੀਮ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕੋਰਸਾਂ ਵਿਚ ਪੜ ਰਹੇ ਵਿਦਿਆਰਥੀਆਂ ਉੱਤੇ ਲਾਗੂ ਹੋਵੇਗੀ ।

8. ਸਬੰਧਤ ਯੂਨੀਵਰਸਿਟੀ ਦੁਆਰਾ ਲਾਭਪਾਤਰੀ ਵਿਦਿਆਰਥੀਆਂ ਤੋਂ ਫੀਸ ਦੇ ਵਿਚ ਛੋਟ ਫੀਸ ਭਰਾਉਣ ਦੇ ਵੇਲੇ ਹੀ ਦਿੱਤੀ ਜਾਵੇਗੀ । ਕਹਿਣ ਦਾ ਭਾਵ ਕਿ ਜੇਕਰ ਕਿਸੇ ਵਿਦਿਆਰਥੀ ਨੂੰ 60%ਫੀਸ ਦੇ ਵਿਚ ਕਨਸੈਸ਼ਨ ਹੈ ਤਾਂ ਉਸ ਵਿਦਿਆਰਥੀ ਤੋਂ 40% ਫੀਸ ਹੀ ਯੂਨੀਵਰਸਿਟੀ ਦੁਆਰਾ ਭਰਵਾਈ ਜਾਵੇਗੀ । ਸਬੰਧਤ ਯੂਨੀਵਰਸਿਟੀ ਦੁਆਰਾ ਇਹ ਕਲੇਮ ਇੱਕਠੇ ਕਰਨ ਉਪਰੰਤ ਉਚੇਰੀ ਸਿੱਖਿਆ ਵਿਭਾਗ ਨੂੰ ਭੇਜਿਆ ਜਾਵੇਗਾ ਅਤੇ ਉਚੇਰੀ ਸਿੱਖਿਆ ਵਿਭਾਗ ਬਣਦੀ ਰਕਮ ਖਜ਼ਾਨੇ ਵਿਚੋਂ ਕਢਵਾਕੇ ਸਬੰਧਤ ਯੂਨੀਵਰਸਿਟੀ ਨੂੰ ਭੇਜੇਗਾ।

ਇਹ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 01-12-2021 ਵਿਚ ਹੋਏ ਫੈਸਲੇ ਅਨੁਸਾਰ, ਜੋ ਕਿ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ) ਦੇ ਅੰ.ਵਿ.ਪੱ.ਨੰ. 1/313/2021-ਕੈਬਨਿਟ/9245, ਮਿਤੀ 02-12-2021 ਰਾਹੀਂ ਪ੍ਰਾਪਤ ਹੋਈ ਹੈ, ਦੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ ।

(ਕ੍ਰਿਸ਼ਨ ਕੁਮਾਰ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਮਿਤੀ, ਚੰਡੀਗੜ੍ਹ
09.12.2021

ਨੰ:7/5/2018-5 ਸਿ.1/6402

ਮਿਤੀ,ਚੰਡੀਗੜ੍ਹ: 10.12.2021

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜਟ ਵਿੱਚ ਛਪਵਾਉਣ ਦੀ ਖੇਚਲ ਕੀਤੀ ਜਾਵੇ ।

ਸਕੱਤਰ, ਉਚੇਰੀ ਸਿੱਖਿਆ

ਨੰ:7/5/2018-5 ਸਿ.1/6403-6410

ਮਿਤੀ,ਚੰਡੀਗੜ੍ਹ: 10.12.2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਪ੍ਰਮੁੱਖ ਸਕੱਤਰ/ਰਾਜਪਾਲ , ਪੰਜਾਬ, ਚੰਡੀਗੜ੍ਹ;
3) ਨਿ.ਸਕੱ/ਮਾਨਯੋਗ ਉਚੇਰੀ ਸਿੱਖਿਆ ਮੰਤਰੀ, ਪੰਜਾਬ ਸਰਕਾਰ;
4) ਨਿ.ਸਕੱ/ਮਾਨਯੋਗ ਵਿੱਤ ਮੰਤਰੀ, ਪੰਜਾਬ ਸਰਕਾਰ;
5) ਨਿ.ਸਕੱ/ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ;
6) ਨਿ.ਸਕੱ/ਮਾਨਯੋਗ ਸਕੱਤਰ, ਉਚੇਰੀ ਸਿੱਖਿਆ;
7) ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾ), ਪੰਜਾਬ, ਐਸ.ਏ.ਐਸ. ਨਗਰ;
8) ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਹਨਾਂ ਦੇ ਅੰ.ਵਿ.ਪੱ.ਨੰ. 1/313/2021-ਕੈਬਨਿਟ/9245, ਮਿਤੀ 02-12-2021 ਦੇ ਹਵਾਲੇ ਵਿਚ।

ਸਕੱਤਰ, ਉਚੇਰੀ ਸਿੱਖਿਆ